# ਪਿੱਠ-ਭੂਮੀ 2

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ

2022FIN0005-000251

22 ਫ਼ਰਵਰੀ, 2022

**ਸਾਡੇ ਭਵਿੱਖ ਲਈ ਇੱਕ ਵਧੇਰੇ ਮਜ਼ਬੂਤ ਵਾਤਾਵਰਣ ਦਾ ਨਿਰਮਾਣ**

ਹਾਲੀਆ ਜਲਵਾਯੂ ਸਬੰਧਤ ਆਫ਼ਤਾਂ ਨੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਚੁਣੌਤੀਆਂ ਪੇਸ਼ ਕੀਤੀਆਂ ਹਨ ਅਤੇ ਬੀ ਸੀ ਲਈ ਘੱਟ ਕਾਰਬਨ ਵਾਲੇ ਭਵਿੱਖ ਦੀ ਲੋੜ ਤੇ ਫੇਰ ਤੋਂ ਜ਼ੋਰ ਦਿੱਤਾ ਹੈ। ਬਜਟ 2022 ਰਾਹੀਂ ਜਲਵਾਯੂ ਪਰਿਵਰਤਨ, ਹਾਲੀਆ ਆਫ਼ਤਾਂ ਤੋਂ ਬਿਹਤਰ ਢੰਗ ਨਾਲ ਮੁੜ-ਉਸਾਰੀ ਕਰਨ, ਅਤੇ ਇਹ ਨਿਸ਼ਚਿਤ ਕਰਨ ਵਿੱਚ ਮਦਦ ਮਿਲੇਗੀ ਕਿ ਪੂਰੇ ਬੀ ਸੀ ਵਿੱਚ ਲੋਕ ਅਤੇ ਭਾਈਚਾਰੇ ਭਵਿੱਖ ਦੀਆਂ ਆਫ਼ਤਾਂ ਤੋਂ ਸੁਰੱਖਿਅਤ ਰਹਿਣ।

**ਕਲੀਨ ਬੀ ਸੀ ਨਾਲ ਜਲਵਾਯੂ ਪਰਿਵਰਤਨ ਨਾਲ ਮੁਕਾਬਲਾ**

ਬਜਟ 2022 ਰਾਹੀਂ ਕਲੀਨ ਬੀ ਸੀ ਲਈ ਅੱਜ ਦੀ ਤਾਰੀਖ਼ ਤੱਕ ਮਾਲੀ ਮਦਦ ਦੇ ਰੂਪ ਵਿੱਚ ਦਿੱਤੇ ਗਏ $2.3 ਬਿਲੀਅਨ ਦਾ ਸਿਲਸਲਾ ਅੱਗੇ ਤੋਰਿਆ ਗਿਆ ਹੈ ਅਤੇ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਲਈ ਕਲੀਨ ਬੀ ਸੀ ਅਤੇ 2030 ਦੇ ਰੋਡਮੈਪ ਵਾਸਤੇ ਨਵੀਂ ਮਾਲੀ ਮਦਦ ਦੇ ਰੂਪ ਵਿੱਚ $1 ਬਿਲੀਅਨ ਤੋਂ ਵੱਧ ਦਾ ਨਿਵੇਸ਼ ਕੀਤਾ ਗਿਆ ਹੈ, ਜਿਸ ਵਿਚ ਸ਼ਾਮਲ ਹੈ:

- ਮਾਲੀ ਯੋਜਨਾ ਦੌਰਾਨ ਅਲਪ-ਕਾਰਬਨ ਆਰਥਕਤਾ ਵਿੱਚ ਮਾਲੀ ਯੋਜਨਾ ਦੌਰਾਨ, $9 ਮਿਲੀਅਨ ਦਾ ਨਿਵੇਸ਼ ਕਰਨਾ ਤਾਂ ਕਿ ਲੋਅ-ਕਾਰਬਨ ਫ਼ਿਊਲ ਸਟੈਂਡਰਡ ਦਾ ਦਾਇਰਾ ਵਧਾਇਆ ਜਾ ਸਕੇ ਅਤੇ ਕੁਦਰਤੀ ਗੈਸ ਦੀਆਂ ਯੂਟਿਲਟੀਜ਼ ‘ਤੇ ਉਤਸਰਜਨ ਦੀ ਇੱਕ ਨਵੀਂ ਹੱਦ ਮਿਥੀ ਜਾ ਸਕੇ-ਜੋ ਕਿ ਉਤਸਰਜਨ ਨੂੰ ਘਟਾਉਣ ਅਤੇ ਬੀ ਸੀ ਲਈ ਇਸ ਦੇ ਕਾਨੂੰਨ ਅਧੀਨ ਉਤਸਰਜਨ ਘਟਾਉਣ ਦੀਆਂ ਸ਼ਰਤਾਂ ਪੂਰੀਆਂ ਕਰਨ ਵਿੱਚ ਮਦਦ ਕਰਨ ਲਈ ਸਭ ਤੋਂ ਵੱਧ ਪ੍ਰਭਾਵੀ ਉਪਾਵਾਂ ਵਿੱਚੋਂ ਦੋ ਹਨ।
- ਵਧੇਰੇ ਸ਼ੁੱਧ ਢੋਆ-ਢੁਆਈ ਲਈ ਮਾਲੀ ਯੋਜਨਾ ਦੌਰਾਨ ਸਹਾਇਤਾ ਦੇਣਾ, ਜਿਸ ਵਿੱਚ ਸ਼ਾਮਲ ਹੈ:
  - ਪੁਰਾਣੇ ਜ਼ੀਰੋ ਐਮੀਸ਼ਨ ਵਾਹਨਾਂ (ਜ਼ੈੱਡ ਈ ਵੀ) ‘ਤੇ ਪੀ ਐੱਸ ਟੀ ਵਿੱਚ ਛੋਟ ਜੋ ਕਿ ਹੁਣ ਤੋਂ ਲੈ ਕੇ 2027 ਤੱਕ ਲਾਗੂ ਰਹੇਗੀ ਅਤੇ ਮੁਸਾਫਰ ਜ਼ੈੱਡ ਈ ਵੀ ‘ਤੇ ਲਗਜ਼ਰੀ ਸਰਟੈਕਸ ਦੀ ਹੱਦ ਵਧਾ ਕੇ ਉਸ ਦਾ ਆਧਾਰ $75,000 ਕਰਨਾ।
  - ਇੰਟਰਨਲ ਕੰਬਸਚਨ ਇੰਜਣਾਂ ਵਿੱਚ ਹਾਈਡ੍ਰੋਜਨ ਦੀ ਵਰਤੋਂ ਲਈ ਮੋਟਰ ਫ਼ਿਊਲ ਟੈਕਸ ਵਿੱਚ ਛੋਟ, ਹਾਈਡ੍ਰੋਜਨ ਫ਼ਿਊਲ ਸੈੱਲ ਵਾਹਨਾਂ ਦੀ ਵਰਤੋਂ ਅਤੇ ਵਿਕਾਸ ਨੂੰ ਉਤਸ਼ਾਹਤ ਕਰਨਾ ਜੋ ਕਿ ਫ਼ੌਰੀ ਤੌਰ ਤੇ ਲਾਗੂ ਹੋ ਜਾਏਗਾ।
  - ਗੋ ਇਲੈਕਟ੍ਰਿਕ ਪ੍ਰੋਗਰਾਮ ਨੂੰ ਜਾਰੀ ਰੱਖਣ ਲਈ $79 ਮਿਲੀਅਨ ਤਾਂ ਕਿ ਇਲੈਕਟ੍ਰਿਕ ਵਹੀਕਲ ਚਾਰਜਿੰਗ ਸਿਸਟਮ ਤੇ ਛੋਟ ਦਿੱਤੀ ਜਾ ਸਕੇ, ਹਾਈਡ੍ਰੋਜਨ ਰਿਫ਼ਿਊਲਿੰਗ ਬੁਨਿਆਦੀ ਢਾਂਚੇ ਲਈ ਮਾਲੀ ਮਦਦ ਦਿੱਤੀ ਜਾ ਸਕੇ ਅਤੇ ਕਮਰਸ਼ੀਅਲ ਵਹੀਕਲ ਪਾਇਲਟ ਪ੍ਰੋਜੈਕਟਾਂ ਨੂੰ ਮਦਦ ਦਿੱਤੀ ਜਾ ਸਕੇ।
  - ਸਥਾਨਕ ਸਰਕਾਰਾਂ ਲਈ ਕੁੱਲ ਮਿਲਾ ਕੇ $30 ਮਿਲੀਅਨ ਦੀਆਂ ਗ੍ਰਾਂਟਾ ਉਪਲਬਧ ਕਰਾਉਣਾ ਤਾਂ ਕਿ ਚਾਲੂ ਢੋਆ-ਢੁਆਈ ਬੁਨਿਆਦੀ ਢਾਂਚੇ ਵਿੱਚ ਸੁਧਾਰ ਕੀਤਾ ਜਾ ਸਕੇ ਜਿਵੇਂ ਕਿ ਬਾਈਕ ਲੇਨਾਂ ਅਤੇ ਮਲਟੀਯੂਜ ਪਾਥਵੇ।
  - ਢੋਆ-ਢੁਆਈ ਦੇ ਖੇਤਰ ਵਿੱਚ ਉਤਸਰਜਨ ਘਟਾਉਣ ਲਈ ਇੱਕ ਕਲੀਨ ਟ੍ਰਾਂਸਪੋਰਟੇਸ਼ਨ ਐਕਸ਼ਨ ਪਲੈਨ ਵਿਕਸਤ ਕਰਨਾ।
  - ਲਾਈਟ ਡਿਊਟੀ ਜ਼ੀਰੋ ਐਮੀਸ਼ਨ ਵਾਹਨਾਂ ਤੇ ਛੋਟਾਂ ਜਾਰੀ ਰੱਖਣ ਲਈ ਲੋਅ-ਕਾਰਬਨ ਫ਼ਿਊਲ ਕ੍ਰੈਡਿਟ ਦੇ ਰੂਪ ਵਿੱਚ $249 ਮਿਲੀਅਨ ਦੀ ਆਗਿਆ ਦੇਣਾ।
  - ਹੈਵੀ ਡਿਊਟੀ ਵਹੀਕਲ ਐਫੀਸ਼ੈਂਸੀ ਪ੍ਰੋਗਰਾਮ ਨੂੰ ਜਾਰੀ ਰੱਖਣ ਲਈ ਦੋ ਸਾਲਾਂ ਦੌਰਾਨ $5 ਮਿਲੀਅਨ ਦਾ ਨਿਵੇਸ਼ ਕਰਨਾ ਜਿਸ ਲਈ ਡਰਾਈਵਰਾਂ ਨੂੰ ਸਿੱਖਿਅਤ ਕਰਨ ਲਈ ਅਤੇ ਹੈਵੀ ਡਿਊਟੀ ਵਾਹਨਾਂ ਵਿੱਚ ਫ਼ਿਊਲ ਐਫੀਸ਼ੈਂਸੀ ਉਪਾਅ ਲਗਾਉਣ ਲਈ ਉਦਯੋਗ ਨਾਲ ਭਾਈਵਾਲੀ ਕੀਤੀ ਜਾਏਗੀ।

- ਊਰਜਾ-ਕੁਸ਼ਲ ਇਮਾਰਤਾਂ ਲਈ ਸਹਾਇਤਾ ਦੇਣਾ ਜਿਸ ਲਈ ਹੇਠ ਦਿੱਤੀਆਂ ਚੀਜ਼ਾਂ ਕੀਤੀਆਂ ਜਾਣਗੀਆਂ:
    - ਕਲੀਨ ਬੀ ਸੀ ਬੈਟਰ ਹੋਮਜ਼, ਬੈਟਰ ਬਿਲਡਿੰਗਜ਼ ਪ੍ਰੋਗਰਾਮ ਰਾਹੀਂ ਪ੍ਰੋਤਸਾਹਨ ਦੇਣਾ ਜਾਰੀ ਰੱਖਣਾ।
    - ਇੱਕ ਅਪ੍ਰੈਲ ਤੋਂ ਪ੍ਰਭਾਵੀ, ਕਲੀਨ ਬੀ ਸੀ ਮਾਪਦੰਡਾਂ ਨੂੰ ਪੂਰਾ ਕਰਨ ਲਈ ਮਲਟੀ-ਯੂਨਿਟ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਵਿੱਚ ਮੇਜਰ ਰੈਟਰੋਫ਼ਿਟਸ ਨੂੰ ਉਤਸ਼ਾਹਤ ਕਰਨ ਲਈ ਇੱਕ ਕਲੀਨ ਬਿਲਡਿੰਗਜ਼ ਟੈਕਸ ਕ੍ਰੈਡਿਟ ਦੀ ਸ਼ੁਰੂਆਤ ਕਰਨਾ, ਜਿਸ ਦੀ ਮਿਆਦ 1 ਅਪ੍ਰੈਲ, 2022 ਤੋਂ ਸ਼ੁਰੂ ਹੋ ਕੇ 1 ਅਪ੍ਰੈਲ, 2025 ਨੂੰ ਖ਼ਤਮ ਹੋ ਜਾਏਗੀ।
    - ਹੀਟ ਪੰਪਾਂ ‘ਤੇ **ਪੀ ਐੱਸ ਟੀ** ਵਿੱਚ ਛੋਟ ਦਾ **ਆਰੰਭ** ਕਰਨ ਦੇ ਨਾਲ ਨਾਲ 1 ਅਪ੍ਰੈਲ, 2022 ਤੋਂ ਪ੍ਰਭਾਵੀ, ਫ਼ੌਸਿਲ ਫ਼ਿਊਲ ਹੀਟਿੰਗ ਇਕਉਪਮੈਂਟ ਤੇ **ਪੀ ਐੱਸ ਟੀ** ਵਧਾ ਕੇ 12% ਤੱਕ ਕਰਨਾ ਜਿਸ ਨਾਲ ਗ੍ਰਾਮੀਣ ਅਤੇ ਉੱਤਰੀ ਭਾਈਚਾਰਿਆਂ ਲਈ ਹੀਟ ਪੰਪਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣ ਲਈ ਇੱਕ ਨਵੇਂ ਪ੍ਰੋਤਸਾਹਨ ਦੇ ਖ਼ਰਚੇ ਲਈ ਮਾਲੀ ਮਦਦ ਦੇਣ ਵਿੱਚ ਸਹਾਇਤਾ ਮਿਲੇਗੀ।
- ਉਦਯੋਗ ਨੂੰ ਕਾਰਬਨ-ਰਹਿਤ ਕਰਨ ਲਈ $310 ਮਿਲੀਅਨ ਦੀ ਸਹਾਇਤਾ ਦੇਣਾ ਤਾਂ ਕਿ ਪ੍ਰਤੀਯੋਗਕਤਾ ਨੂੰ ਬਰਕਰਾਰ ਰੱਖਣ ਦੇ ਨਾਲ ਨਾਲ ਉਤਸਰਜਨ ਘਟਾਏ ਜਾ ਸਕਣ ਅਤੇ 2050 ਤੱਕ ਨੈੱਟ ਜ਼ੀਰੋ ਹੋਣ ਦੀਆਂ ਸ਼ਰਤਾਂ ਲਈ ਤਿਅਰੀ ਕੀਤੀ ਜਾ ਸਕੇ। ਇਸ ਵਿੱਚ ਸ਼ਾਮਲ ਹੈ :
    - ਮੀਥੇਨ ਉਤਸਰਜਨਾਂ ਨੂੰ ਘਟਾਉਣ ਲਈ ਤਰੀਕੇ ਲੱਭਣੇ।
    - ਕਾਰਬਨ ਕੈਪਚਰ, ਇਸ ਦੀ ਵਰਤੋਂ ਅਤੇ ਭੰਡਾਰਨ ਲਈ ਇੱਕ ਸੂਬਾ-ਪੱਧਰੀ ਪਹੁੰਚ ਵਿਕਸਤ ਕਰਨਾ।
    - ਕਾਰਬਨ ਟੈਕਸ ਵਾਂਗ ਹੀ ਉਦਯੋਗ ਲਈ ਕਲੀਨ ਬੀ ਸੀ ਪ੍ਰੋਗਰਾਮ ਵਾਸਤੇ ਮਾਲੀ ਮਦਦ ਵਿੱਚ ਵਾਧਾ ਕਰਨ ਦੇ ਨਾਲ-ਨਾਲ ਕਲੀਨ ਬੀ ਸੀ ਇੰਡਸਟਰੀ ਫੰਡ ਵਿੱਚ ਵਾਧਾ ਕਰਨਾ।
- ਭਾਈਚਾਰਿਆਂ ਅਤੇ ਭੂਮੀ-ਅਧਾਰਤ ਗਤੀਵਿਧੀਆਂ ਤੋਂ ਪੈਦਾ ਹੋਣ ਵਾਲੇ ਉਤਸਰਜਨਾਂ ਵਿੱਚ ਕਮੀ ਕਰਨਾ, ਜਿਸ ਲਈ ਅਜਿਹਾ ਕੀਤਾ ਜਾਏਗਾ:
    - ਇੱਕ ਨਵਾਂ $76 ਮਿਲੀਅਨ ਦਾ ਸਥਾਨਕ ਸਰਕਾਰ ਜਲਵਾਯੂ ਕਾਰਵਾਈ ਪ੍ਰੋਗਰਾਮ ਸਥਾਪਤ ਕੀਤਾ ਜਾਏਗਾ ਜੋ ਉਤਸਰਜਨਾਂ ਨੂੰ ਘਟਾਉਣ ਅਤੇ ਜਲਵਾਯੂ ਪਰਿਵਰਤਨ ਲਈ ਤਿਆਰੀ ਕਰਨ ਅਤੇ ਉਸ ਮੁਤਾਬਿਕ ਢਲ ਸਕਣ ਲਈ ਕਦਮ ਚੁੱਕਣ ਵਿੱਚ ਸਥਾਨਕ ਸਰਕਾਰਾਂ ਦੀ ਸਹਾਇਤਾ ਕਰੇਗਾ।
    - ਤਿੰਨ ਸਾਲਾਂ ਦੌਰਾਨ ਬੀ ਸੀ ਦੇ ਜੰਗਲਾਂ ਵਿੱਚ ਉਤਸਰਨਾਂ ਦੇ ਘਟਾਉਣ ਨੂੰ ਉਤਸ਼ਾਹਤ ਕਰਨ ਲਈ $22 ਮਿਲੀਅਨ ਦਾ ਨਿਵੇਸ਼ ਕੀਤਾ ਜਾਏਗਾ ਤਾਂ ਕਿ ਸੂਬੇ ਦੇ ਜੰਗਲਾਂ ਦੀ ਕਾਰਬਨ ਨੂੰ ਸੋਖਣ ਦੀ ਸਮਰੱਥਾ ਵਿੱਚ ਸੁਧਾਰ ਕੀਤਾ ਜਾ ਸਕੇ ਅਤੇ ਫ਼ੌਰੈਸਟ ਬਾਇਓਇਕੌਨੋਮੀ ਪ੍ਰੋਗਰਾਮ ਦਾ ਦਾਇਰਾ ਵਧਾਇਆ ਜਾ ਸਕੇ।
    - ਬੈਨੀਫਿਸ਼ੀਅਲ ਮੈਨੇਜਮੈਂਟ ਪ੍ਰੈਕਟਸਿਜ਼ ਪ੍ਰੋਗਰਾਮ ਲਈ ਤਿੰਨ ਸਾਲਾਂ ਦੌਰਾਨ $15 ਮਿਲੀਅਨ ਦਾ ਨਿਵੇਸ਼ ਕਰਕੇ ਖੇਤਾਂ ਵਿੱਚ ਸਥਿਰ ਅਤੇ ਜਲਵਾਯੂ ਅਨੁਸਾਰ ਢਲ ਸਕਣ ਵਾਲੀਆਂ ਖੇਤੀਬਾੜੀ ਸਬੰਧਤ ਵਿਧੀਆਂ ਲਈ ਸਹਾਇਤਾ ਦਿੱਤੀ ਜਾਏਗੀ।
- ਸਰਕੁਲਰ ਇਕੌਨੋਮੀ ਪ੍ਰੋਗਰਾਮਾਂ ਦਾ ਪੱਧਰ ਚੁੱਕਿਆ ਜਾਏਗਾ ਜੋ ਹਰ ਸਾਲ ਮੌਜੂਦਾ ਵੇਸਟ ਸਟਰੀਮ ਵਿੱਚੋਂ ਪਲਾਸਟਿਕ ਸਮੱਗਰੀ ਨੂੰ ਇਕੱਤਰ ਅਤੇ ਉਸ ਦੀ ਮੁੜ ਵਰਤੋਂ ਕਰਦੇ ਹਨ ਲਈ ਸਰਕੁਲਰ ਇਕੌਨੋਮੀ ਸਟ੍ਰੈਟਜੀ ਦੇ ਹੋਰ ਵਿਕਾਸ ਲਈ $13 ਮਿਲੀਅਨ ਦਿੱਤੇ ਜਾਣਗੇ।
- ਕਲੀਨਟੈੱਕ ਨਵੀਨਤਾਕਾਰੀ ਅਤੇ ਫ਼ੈਡਰਲ ਸਰਕਾਰ ਨਾਲ ਭਾਈਵਾਲੀ ਦੇ ਅਵਸਰਾਂ ਲਈ $25 ਮਿਲੀਅਨ ਦਾ ਨਿਵੇਸ਼ ਕੀਤਾ ਜਾਏਗਾ ਤਾਂ ਕਿ ਕਲੀਨ ਬੀ ਸੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਮਦਦ ਦਿੱਤੀ ਜਾ ਸਕੇ ਅਤੇ ਸਮਾਲ ਬਿਜ਼ਨੈੱਸ ਵੈਂਚਰ ਕੈਪੀਟਲ ਟੈਕਸ ਕ੍ਰੈਡਿਟ ਲਈ ਇੱਕ ਆਰਜ਼ੀ ਇਜ਼ਾਫ਼ਾ ਮੁਹੱਈਆ ਕਰਾ ਕੇ ਛੋਟੇ ਕਾਰੋਬਾਰਾਂ ਲਈ ਕਲੀਨਟੈੱਕ ਨਿਵੇਸ਼ਾਂ ਵਾਸਤੇ ਪੂੰਜੀ ਪੈਦਾ ਕਰਨ ਲਈ ਪਹੁੰਚ ਵਿੱਚ ਵਾਧਾ ਕੀਤਾ ਜਾ ਸਕੇ।

**ਲੋਕਾਂ ਅਤੇ ਭਾਈਚਾਰਿਆਂ ਦੀ ਜਲਵਾਯੂ-ਸਬੰਧਤ ਆਫ਼ਤਾਂ ਤੋਂ ਸੁਰੱਖਿਆ**

ਬਜਟ 2022 ਲੋਕਾਂ ਅਤੇ ਭਾਈਚਾਰਿਆਂ ਨੂੰ ਜਲਵਾਯੂ-ਸਬੰਧਤ ਆਫ਼ਤਾਂ ਤੋਂ ਬਚਾਉਣ ਦੇ ਨਾਲ-ਨਾਲ ਹਾਲੀਆ ਘਟਨਾਵਾਂ ਤੋਂ ਮੁੜ-ਉਸਾਰੀ ਦੀਆਂ ਕੋਸ਼ਿਸ਼ਾਂ ਵਿੱਚ ਸਹਾਇਤਾ ਕਰਨ ਦੇ ਨਾਲ ਨਾਲ 2021 ਤੋਂ ਲੈ ਕੇ ਇਸ ਮਾਲੀ ਯੋਜਨਾ ਦੇ ਅੰਤ ਤੱਕ $2.1 ਬਿਲੀਅਨ ਤੋਂ ਵੱਧ ਦਾ ਕੁੱਲ ਨਿਵੇਸ਼ ਕੀਤਾ ਗਿਆ ਹੈ। ਇਸ ਵਿੱਚ ਸ਼ਾਮਲ ਹੈ:

- 2021 ਦੀਆਂ ਭਿਆਨਕ ਮੌਸਮੀ ਘਟਨਾਵਾਂ ਤੋਂ ਬਾਅਦ ਬਿਹਤਰ ਢੰਗ ਨਾਲ ਬੇਹੱਦ ਜ਼ਰੂਰੀ ਬੁਨਿਆਦੀ ਢਾਂਚੇ ਦਾ ਪੁਨਰ-ਨਿਰਮਾਣ ਕਰਨ ਲਈ ਅਤੇ ਭਾਈਚਾਰਿਆਂ ਦੀ ਸਹਾਇਤਾ ਕਰਨ ਲਈ $1.5 ਬਿਲੀਅਨ ਰੱਖੇ ਗਏ ਹਨ ਜਿਸ ਵਿੱਚ ਸ਼ਾਮਲ ਹੈ :
    - ਐਮਰਜੈਂਸੀ ਮੈਨੇਜਮੈਂਟ ਬੀ ਸੀ ਲਈ 2022-23 ਵਿੱਚ $400 ਮਿਲੀਅਨ ਰੱਖੇ ਗਏ ਹਨ ਤਾਂ ਕਿ ਲੋਕਾਂ ਅਤੇ ਭਾਈਚਾਰਿਆਂ ਦੀ ਮਦਦ ਕੀਤੀ ਜਾ ਸਕੇ।

- ਅਗਲੇ ਤਿੰਨ ਸਾਲਾਂ ਦੌਰਾਨ ਆਫ਼ਤਾਂ ਤੋਂ ਹੋਏ ਨੁਕਸਾਨ ਦੀ ਮੁੜ-ਉਸਾਰੀ ਦੇ ਖ਼ਰਚਿਆਂ ਲਈ ਅਚਨਚੇਤੀ ਖ਼ਰਚਿਆਂ ਦੀ ਸ਼ਕਲ ਵਿੱਚ $1.1 ਬਿਲੀਅਨ ਨਿਰਧਾਰਤ ਕੀਤੇ ਗਏ ਹਨ ਤਾਂ ਕਾਰਵਾਈ ਕਰਨ ਲਈ ਅਤੇ ਜਦੋਂ ਮੁੜ-ਉਸਾਰੀ ਦੇ ਖ਼ਰਚਿਆਂ ਦੀ ਬਿਹਤਰ ਜਾਣਕਾਰੀ ਹੋ ਸਕੇਗੀ ਤਾਂ ਭਾਈਚਾਰਿਆਂ ਦੀ ਮਦਦ ਕਰਨ ਵਿੱਚ ਸੌਖ ਰਹੇ।
  - ਇਹ ਰਕਮ ਕੈਨੇਡਾ ਦੀ ਸਰਕਾਰ ਵੱਲੋਂ ਦਿੱਤੀ ਗਈ $5 ਬਿਲੀਅਨ ਦੀ ਰਕਮ ਤੋਂ ਵੱਖਰੀ ਹੈ ਤਾਂ ਕਿ ਬੀ ਸੀ ਵਿੱਚ ਕਾਰਵਾਈ ਕਰਨ ਅਤੇ ਮੁੜ-ਬਹਾਲੀ ਦੀਆਂ ਕੋਸ਼ਿਸ਼ਾਂ ਵਿੱਚ ਮਦਦ ਮਿਲ ਸਕੇ।
- ਜਲਵਾਯੂ-ਸਬੰਧਤ ਆਫ਼ਤਾਂ, ਆਫ਼ਤਾਂ ਦੀ ਰੋਕਥਾਮ ਅਤੇ ਆਰਥਕ ਮੁੜ-ਬਹਾਲੀ ਦੇ ਪ੍ਰੋਜੈਕਟਾਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਦੀ ਭਵਿੱਖ ਦੀਆਂ ਆਪਾਤ ਸਥਿਤੀਆਂ ਦੌਰਾਨ ਸਹਾਇਤਾ ਕਰਨ ਲਈ ਕਾਰਵਾਈ ਕਰਨਾ ਜਾਰੀ ਰੱਖਣ ਵਾਸਤੇ ਸੰਚਾਲਨ ਅਤੇ ਪੂੰਜੀਗਤ ਮਾਲੀ ਮਦਦ ਦੀ ਸ਼ਕਲ ਵਿੱਚ $600 ਮਿਲੀਅਨ ਰੱਖੇ ਗਏ ਹਨ।
  - ਡਾਲਰ 145 ਮਿਲੀਅਨ ਦੀ ਨਵੀਂ ਮਾਲੀ ਮਦਦ ਨਾਲ ਬੀ ਸੀ ਦੀਆਂ ਆਪਾਤ ਪ੍ਰਬੰਧਨ ਅਤੇ ਜੰਗਲੀ ਅੱਗਾਂ ਨਾਲ ਸਬੰਧਤ ਸੇਵਾਵਾਂ ਮਜ਼ਬੂਤ ਹੋਣਗੀਆਂ:
- ਬੀ ਸੀ ਦੀ ਵਾਈਲਡ ਫ਼ਾਇਰ ਸਰਵਿਸ ਇੱਕ ਪ੍ਰਤੀਕਿਰਿਆਸ਼ੀਲ ਪਹੁੰਚ ਵੱਲ ਤਬਦੀਲ ਹੋਵੇਗੀ ਜਿਸ ਅਧੀਨ ਇਹ ਇੱਕ ਪੂਰਾ ਸਾਲ ਕੰਮ ਕਰਨ ਵਾਲਾ ਕਾਰਜਬਲ ਬਣ ਜਾਵੇਗਾ ਜੋ ਆਪਾਤ ਪ੍ਰਬੰਧਨ ਦੇ ਸਾਰੇ ਆਧਾਰ ਮੁਹੱਈਆ ਕਰਾਏਗਾ: ਰੋਕਥਾਮ ਅਤੇ ਖ਼ਤਰਾ ਘਟਾਉਣਾ, ਤਿਆਰ ਰਹਿਣਾ, ਕਾਰਵਾਈ ਅਤੇ ਮੁੜ ਬਹਾਲੀ।
- ਐਮਰਜੈਂਸੀ ਮੈਨੇਜਮੈਂਟ ਬੀ ਸੀ ਲਈ ਅਤਿਰਿਕਤ ਸ੍ਰੋਤਾਂ ਰਾਹੀਂ ਜੰਗਲੀ ਅੱਗਾਂ ਲਈ ਜਨਤਕ ਚੇਤਾਵਨੀ ਸਿਸਟਮ ਵਿੱਚ ਸੁਧਾਰ ਹੋਵੇਗਾ ਅਤੇ ਇਸ ਨਾਲ ਜਲਵਾਯੂ-ਸਬੰਧਤ ਆਫ਼ਤਾਂ ਦੌਰਾਨ ਲੋਕਾਂ ਅਤੇ ਭਾਈਚਾਰਿਆਂ ਨੂੰ ਬਿਹਤਰ ਸਹਾਇਤਾ ਮਿਲ ਸਕੇਗੀ।
- ਜੰਗਲੀ ਅੱਗਾਂ ਦੀ ਰੋਕਥਾਮ ਦੇ ਕਾਰਜ ਅਤੇ ਜੰਗਲੀ ਅੱਗਾਂ ਪ੍ਰਤੀ ਕਾਰਵਾਈ ਕਰਨ ਲਈ ਵਰਤੀਆਂ ਜਾਣ ਵਾਲੀਆਂ ਫ਼ੌਰੈਸਟ ਸਰਵਿਸ ਸੜਕਾਂ ਦੀ ਦੇਖਭਾਲ ਲਈ ਮਾਲੀ ਯੋਜਨਾ ਦੌਰਾਨ ਮਾਲੀ ਮਦਦ ਦੇਣ ਲਈ ਅਤਿਰਿਕਤ $98 ਮਿਲੀਅਨ ਰੱਖੇ ਗਏ ਹਨ।
- ਜਲਵਾਯੂ ਸਬੰਧੀ ਭਾਈਚਾਰਕ ਤਿਆਰੀ ਲਈ ਅਤੇ ਆਪਾਤ ਪ੍ਰਬੰਧਨ ਲਈ ਜਿਸ ਵਿੱਚ ਫ਼ਾਇਰ ਸਮਾਰਟ ਪ੍ਰੋਗਰਾਮ, ਕਮਿਊਨਿਟੀ ਐਮਰਜੈਂਸੀ ਪ੍ਰੀਪੇਅਰਡਨੈੱਸ ਫੰਡ, ਮੂਲਵਾਸੀ ਅਗਵਾਈ ਅਧੀਨ ਆਪਾਤ ਪ੍ਰਬੰਧਨ ਦੀਆਂ ਤਰਜੀਹਾਂ ਰਾਹੀਂ ਵੀ ਮਦਦ ਦਿੱਤੀ ਜਾਏਗੀ ਅਤੇ ਭਾਈਚਾਰਿਆਂ ਅਤੇ ਫ਼ਸਟ ਨੇਸ਼ਨਜ਼ ਨੂੰ ਸਥਿਤੀ ਅਨੁਸਾਰ ਵਧੇਰੇ ਢਲ ਸਕਣ ਵਾਲੇ ਡਾਈਕਸ, ਫਲੱਡਪਲੇਨ ਮੈਪਿੰਗ ਅਤੇ ਖ਼ਤਰਾ ਘਟਾਉਣ ਵਾਲੀਆਂ ਹੋਰ ਗਤੀਵਿਧੀਆਂ ਵਿੱਚ ਮਦਦ ਦੇਣ ਲਈ $210 ਮਿਲੀਅਨ ਰੱਖੇ ਗਏ ਹਨ।
- ਅਗੇਤਰੀਆਂ ਕਿਰਿਆਸ਼ੀਲ ਰਣਨੀਤੀਆਂ ਵਿੱਚ $83 ਮਿਲੀਅਨ ਦਾ ਨਿਵੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਇੱਕ ਨਵੀਂ ਕਲਾਈਮੇਟ ਪ੍ਰੀਪੇਅਰਡਨੈੱਸ ਅਤੇ ਅਡੈਪਟੇਸ਼ਨ ਸਟ੍ਰੈਟਜੀ ਨੂੰ ਲਾਗੂ ਕਰਨਾ ਸ਼ੁਰੂ ਕੀਤਾ ਜਾ ਸਕੇ, ਜਿਸ ਵਿੱਚ ਸ਼ਾਮਲ ਹੈ:
  - ਜਲਵਾਯੂ ਨਿਗਰਾਨੀ ਨੈੱਟਵਰਕਾਂ ਦਾ ਦਾਇਰਾ ਵਧਾਉਣਾ।
  - ਜਲਵਾਯੂ ਅਨੁਸਾਰ ਢਲ ਸਕਣ ਵਾਲੀਆਂ ਪਹਿਲਕਦਮੀਆਂ ਦੀ ਅਗਵਾਈ ਕਰਨ ਲਈ ਸਥਾਨਕ ਅਤੇ ਮੂਲਵਾਸੀ ਸਰਕਾਰਾਂ ਨਾਲ ਸਹਿਯੋਗ ਕਰਨਾ।
  - ਅੱਤ ਦੀ ਗਰਮੀ ਪ੍ਰਤੀ ਕਾਰਵਾਈ ਕਰਨ ਲਈ ਢਾਂਚੇ ਦਾ ਵਿਕਾਸ ਕਰਨਾ।
  - ਰਿਵਰ ਫੋਰਕਾਸਟ ਸੈਂਟਰ ਅਤੇ ਸੂਬਾਈ ਫਲੱਡਪਲੇਨ ਮੈਪਿੰਗ ਪ੍ਰੋਗਰਾਮ ਦਾ ਦਾਇਰਾ ਵਧਾਉਣਾ।
  - ਡੇਟਾ ਇਕੱਤਰ ਕਰਨਾ ਅਤੇ ਇਸ ਸਬੰਧੀ ਅਜਿਹੀ ਮੁਹਾਰਤ ਦਾ ਨਿਰਮਾਣ ਕਰਨਾ ਤਾਂ ਕਿ ਬਿਲਕੁਲ ਸਹੀ ਢੰਗ ਨਾਲ ਇਹ ਪਤਾ ਲਾਇਆ ਜਾ ਸਕੇ ਕਿ ਜਲਵਾਯੂ ਦੇ ਖ਼ਤਰਿਆਂ ਨੂੰ ਕਿੱਥੇ ਅਤੇ ਕਿਵੇਂ ਘੱਟ ਕਰਨਾ ਹੈ।
  - ਜਲਵਾਯੂ ਲਈ ਤਿਆਰ ਢੋਆ-ਢੁਆਈ ਨੈੱਟਵਰਕਾਂ ਵਿੱਚ ਨਿਵੇਸ਼ ਕਰਨਾ।
  - ਬੀ ਸੀ ਦੇ ਵਾਟਰ ਸ਼ੈੱਡਾਂ ਨੂੰ ਸੁਰੱਖਿਅਤ ਰੱਖਣ ਲਈ ਮਦਦ ਦੇਣ ਵਾਸਤੇ ਗ੍ਰਾਂਟਾਂ ਦੀ ਸ਼ਕਲ ਵਿੱਚ $30 ਮਿਲੀਅਨ ਮੁਹੱਈਆ ਕਰਾਉਣਾ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 213-7724

---